ਜੇਕਰ ਤੁਸੀ ਇਸ ਲੀਫਲੈਟ ਵਿੱਚ ਕੋਈ ਸੋਧ ਜਾ ਸੁਧਾਰ ਦਾ ਸੁਝਾਅ ਦੇਣਾ ਚਾਹੁੰਦੇ ਹੋ ਤਾ ਕਿਰਪਾ ਕਰਕੇ ਐਕਸਟੈਂਸ਼ਨ 3587 ਤੇ SWB ਲਾਇਬ੍ਰੇਰੀ ਸਰਵਸਿਸ ਨਾਲ ਸੰਪਰਕ ਕਰੋ ਜਾਂ swbh.library@nhs.net ਤੇ ਈਮੇਲ ਕਰੋ।

A Teaching Trust of The University of Birmingham
Incorporating City, Sandwell and Rowley Regis Hospitals
© Sandwell and West Birmingham Hospitals NHS Trust
ML5295
Issue Date: April 2022
Review Date: April 2025

Sandwell and West Birmingham
NHS Trust

# Group A Streptococcal Infection

## ਮਰੀਜ਼ਾਂ ਅਤੇ ਸੰਪਰਕਾਂ ਲਈ ਜਾਣਕਾਰੀ ਅਤੇ ਸਲਾਹ

ਇਨਫੈਕਸ਼ਨ ਦੀ ਰੋਕਥਾਮ ਅਤੇ ਨਿਯੰਤਰਣ



Where EVERYONE Matters

## ਗਰੁੱਪ ਏ ਸਟ੍ਰੈਪਟੋਕੋਕਲ ਇਨਫੈਕਸ਼ਨ ਕੀ ਹੈ?

ਗਰੁੱਪ ਏ ਸਟ੍ਰੈਪਟੋਕੋਚੀ (GAS) ਬੈਕਟੀਰੀਆ ਦੀ ਇੱਕ ਕਿਸਮ ਹੈ। ਬਹੁਤ ਸਾਰੇ ਲੋਕ ਇਹਨਾ ਬੈਕਟੀਰੀਆ ਨੂੰ ਆਪਣੇ ਗਲੇ ਵਿੱਚ ਜਾਂ ਆਪਣੀ ਚਮੜੀ ਵਿੱਚ ਨੁਕਸਾਨਦੇਹ ਢੰਗ ਨਾਲ ਲੈ ਜਾਂਦੇ ਹਨ, ਅਤੇ ਉਹਨਾ ਵਿੱਚ ਬਿਮਾਰੀ ਦੇ ਕੋਈ ਲੱਛਣ ਨਹੀ ਹੁੰਦੇ ਹਨ; ਇਸ ਨੂੰ 'ਕੋਲੋਨਾਈਜ਼ਡ' ਵਜੋ ਜਾਣਿਆ ਜਾਂਦਾ ਹੈ। ਕਿਸੇ ਵੀ ਸਮੇ,ਪੰਜ ਵਿੱਚੋ ਇੱਕ ਵਿਅਕਤੀ ਨੂੰ GAS ਹੋ ਸਕਦਾ ਹੈ। ਇਨਫੈਕਸ਼ਨ ਉਦੋ ਹੁੰਦੀ ਹੈ ਜਦੋ GAS ਵਾਲੇ ਲੋਕਾ ਵਿੱਚ ਲੱਛਣ ਪੈਦਾ ਹੁੰਦੇ ਹਨ। GAS ਦੀ ਇਨਫੈਕਸ਼ਨ ਛੂਤ ਵਾਲੀ ਹੁੰਦੀ ਹੈ।

## GAS ਦੀ ਇਨਫੈਕਸ਼ਨ ਦੇ ਲੱਛਣ ਕੀ ਹਨ?

GAS ਦੀ ਇਨਫੈਕਸ਼ਨ ਦੇ ਸਭ ਤੋ ਆਮ ਲੱਛਣ ਹਨ:

- ਹਲਕੀ ਗਲੇ ਦੀ ਖਰਾਸ਼ ਜਾਂ
- ਚਮੜੀ ਦੀ ਇਨਫੈਕਸ਼ਨ ਜਿਸਨੂੰ ਇਮਪੈਟਾਈਗੋ ਕਿਹਾ ਜਾਂਦਾ ਹੈ
- ਫਲੂ ਵਰਗੇ ਲੱਛਣ ਅਤੇ ਮਾਸਪੇਸ਼ੀਆਂ ਦਾ ਦਰਦ ਹੋਣਾ ਵੀ ਹੋ ਸਕਦਾ ਹੈ।

## ਇਨਵੈਸਿਵ ਗਰੁੱਪ ਏ ਸਟ੍ਰੈਪਟੋਕੋਕਲ ਇਨਫੈਕਸ਼ਨ ਕੀ ਹੈ?

ਦੁਰਲੱਭ ਮਾਮਲਿਆਂ ਵਿੱਚ, GAS ਵਧੇਰੇ ਗੰਭੀਰ ਜਾਂ 'ਹਮਲਾਵਰ' ਇਨਫੈਕਸ਼ਨ (iGAS) ਦਾ ਕਾਰਨ ਵੀ ਬਣ ਸਕਦਾ ਹੈ। ਜਿੱਥੇ iGAS ਦੀ ਇਨਫੈਕਸ਼ਨ ਹੁੰਦੀ ਹੈ, ਬੈਕਟੀਰੀਆ ਜ਼ਹਿਰੀਲੇ ਪਦਾਰਥ ਪੈਦਾ ਕਰ ਸਕਦਾ ਹੈ ਅਤੇ ਕਈ ਗੰਭੀਰ ਅਤੇ ਕਈ ਵਾਰ ਘਾਤਕ ਸਥਿਤੀਆਂ ਦਾ ਕਾਰਨ ਬਣ ਸਕਦਾ ਹੈ ਜਿਵੇਂ ਕਿ:

- ਖੂਨ ਦੇ ਪ੍ਰਵਾਹ ਦੀ ਇਨਫੈਕਸ਼ਨ (ਬੈਕਟੀਰੀਮੀਆ)।

- ਗੰਭੀਰ ਸੰਕਰਮਣ ਜੋ ਚਮੜੀ ਦੇ ਹੇਠਾਂ ਨਰਮ ਟਿਸ਼ੂ ਦੇ ਖੇਤਰਾਂ ਵਿੱਚ ਫੈਲਦਾ ਹੈ (ਨੇਕਰੋਟਾਈਜ਼ਿੰਗ ਫੈਸ਼ੀਆਈਟਸ)। ਇਹ ਦੁਰਲੱਭ ਹੈ।

- ਸਟ੍ਰੈਪਟੋਕੋਕਲ ਟੌਕਸਿਕ ਸ਼ੋਕ ਸਿੰਡਰੋਮ। ਇਹ ਦੁਰਲੱਭ ਹੈ ਪਰ ਬੇਹੋਸ਼ੀ, ਉਲਟੀਆਂ, ਦਸਤ, ਤੇਜ਼ ਬੁਖਾਰ, ਧੱਫੜ ਅਤੇ ਉਲਝਣ ਦੇ ਤੇਜ਼ੀ ਨਾਲ ਪ੍ਰਗਤੀਸ਼ੀਲ ਲੱਛਣਾਂ ਦਾ ਕਾਰਨ ਬਣ ਸਕਦਾ ਹੈ।

iGAS ਦੀਆ ਪੇਚੀਦਗੀਆਂ ਵਿੱਚ ਸ਼ਾਮਲ ਹੋ ਸਕਦੇ ਹਨ:

ਤੀਬਰ ਗਠੀਏ ਦਾ ਬੁਖਾਰ (ਦਿਲ ਦੀ ਬਿਮਾਰੀ)

ਗਲੋਮੇਰੁਲੋਨੇਫ੍ਰਾਈਟਿਸ (ਗੁਰਦੇ ਦੀ ਬਿਮਾਰੀ)

ਇਹ ਸਮਝਣਾ ਮਹੱਤਵਪੂਰਨ ਹੈ ਕਿ ਹਾਲਾਂਕਿ ਇਹ ਸਥਿਤੀਆ ਗੰਭੀਰ ਹਨ, ਇਹ ਗਲੇ ਵਿੱਚ ਖਰਾਸ਼ ਜਾਂ ਚਮੜੀ ਦੀ ਇਨਫੈਕਸ਼ਨ ਵਾਂਗ ਆਮ ਤੌਰ ਤੇ ਨਹੀ ਹੁੰਦੀਆਂ ਹਨ।



## ਇਸ ਪਰਚੇ ਵਿੱਚ ਜਾਣਕਾਰੀ ਲਈ ਸਰੋਤ ਵਰਤੇ ਗਏ ਹਨ

UK Health Security Agency (2014). *Group A streptococcal infections: guidance and data.* Available at: https://www.gov.uk/government/collections/group-a-streptococcal-infections-guidance-and-data (Accessed 8 April 2022).

## GAS ਦੇ ਫੈਲਣ ਨੂੰ ਕਿਵੇ ਰੋਕਿਆ ਜਾ ਸਕਦਾ ਹੈ?

- ਆਪਣੇ ਹੱਥਾਂ ਨੂੰ ਗਰਮ ਸਾਬਣ ਵਾਲੇ ਪਾਣੀ ਨਾਲ ਚੰਗੀ ਤਰ੍ਹਾਂ ਧੋਵੋ ਕਿਸੇ ਵਿਅਕਤੀ ਦੇ ਸੰਪਰਕ ਵਿੱਚ ਆਉਣ ਤੇ ਬਾਅਦ ਜਿਸ ਨੂੰ GAS ਸੰਕਰਮਣ ਹੋਇਆ ਹੈ ਅਤੇ ਯਕੀਨੀ ਬਣਾਓ ਕਿ ਤੁਸੀ ਉਹਨਾ ਨੂੰ ਚੰਗੀ ਤਰ੍ਹਾਂ ਸੁਕਾਉਂਦੇ ਹੋ;
- ਜੇਕਰ ਤੁਹਾਨੂੰ GAS ਦੀ ਇਨਫੈਕਸ਼ਨ ਹੈ, ਤਾਂ ਕੋਸ਼ਿਸ਼ ਕਰੋ ਅਤੇ ਕਮਜ਼ੋਰ ਇਮਿਊਨ ਸਿਸਟਮ ਵਾਲੇ ਲੋਕਾਂ ਤੇ ਉਦੋ ਤੱਕ ਦੂਰ ਰਹੋ ਜਦੋ ਤੱਕ ਤੁਹਾਨੂੰ 24 ਘੰਟੇ ਐਂਟੀਬਾਇਓਟਿਕਸ ਨਹੀ ਮਿਲ ਜਾਂਦੇ;
- ਬਿਨਾਂ ਪੇਸਟੁਰਾਈਜ਼ਡ ਦੁੱਧ ਦਾ ਸੇਵਨ ਕਰਨ ਤੇ ਪਰਹੇਜ਼ ਕਰੋ।

## ਜੇ ਮੈ ਸੰਕਰਮਿਤ ਹਾ ਤਾਂ ਕੌਣ ਮੇਰੇ ਨਾਲ ਸੰਪਰਕ ਕਰ ਸਕਦਾ ਹੈ?

ਇਨਫੈਕਸ਼ਨ, ਪਰੀਵੈਂਸ਼ਨ ਅਤੇ ਕੰਟਰੋਲ ਕੰਸਲਟੈਂਟ ਜਾਂ ਨਰਸ ਇਨਫੈਕਸ਼ਨ ਦੇ ਸਰੋਤ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰਨ ਅਤੇ ਇਨਫੈਕਸ਼ਨ ਦੇ ਹੋਰ ਫੈਲਣ ਨੂੰ ਰੋਕਣ ਵਿੱਚ ਤੁਹਾਡੀ ਮਦਦ ਕਰਨ ਲਈ ਤੁਹਾਡੇ ਨਾਲ ਸੰਪਰਕ ਕਰ ਸਕਦੇ ਹਨ।

## ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਹੋਰ ਜਾਣਕਾਰੀ ਲਈ ਆਪਣੇ ਜੀਪੀ ਜਾਂ ਮਾਹਰ ਨਾਲ ਗੱਲ ਕਰੋ। ਜਾਣਕਾਰੀ ਦੇ ਹੋਰ ਸਰੋਤਾਂ ਵਿੱਚ ਸ਼ਾਮਲ ਹਨ:

**NHS ਗੈਰ ਐਮਰਜੈਂਸੀ ਨੰਬਰ**

**111**

## iGAS ਦੀ ਇਨਫੈਕਸ਼ਨ ਦੇ ਲੱਛਣ ਕੀ ਹਨ?

iGAS ਇਨਫੈਕਸ਼ਨ ਦੇ ਸ਼ੁਰੂਆਤੀ ਚਿੰਨ੍ਹ ਅਤੇ ਲੱਛਣਾਂ ਵਿੱਚ ਸ਼ਾਮਲ ਹਨ:

- ਤੇਜ਼ ਬੁਖਾਰ
- ਗੰਭੀਰ ਮਾਸਪੇਸ਼ੀਆਂ ਵਿੱਚ ਦਰਦ
- ਸਥਾਨਕ ਮਾਸਪੇਸ਼ੀਆਂ ਦੀ ਕੋਮਲਤਾ
- ਜ਼ਖ਼ਮ ਵਾਲੀ ਥਾਂ ਤੇ ਲਾਲੀ

ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਇਹਨਾ ਵਿੱਚੋ ਬਹੁਤ ਸਾਰੇ ਲੱਛਣ ਹੋਰ ਘੱਟ ਗੰਭੀਰ ਸਥਿਤੀਆ ਦੇ ਕਾਰਨ ਹੋ ਸਕਦੇ ਹਨ। ਹਾਲਾਂਕਿ, ਜੇਕਰ ਤੁਸੀ ਪਿਛਲੇ 30 ਦਿਨਾਂ ਦੇ ਅੰਦਰ ਕਿਸੇ ਅਜਿਹੇ ਵਿਅਕਤੀ ਦੇ ਸੰਪਰਕ ਵਿੱਚ ਰਹੇ ਹੋ ਜਿਸਨੂੰ iGAS ਦੀ ਇਨਫੈਕਸ਼ਨ ਦਾ ਪਤਾ ਲੱਗਿਆ ਹੈ ਅਤੇ ਤੁਹਾਨੂੰ ਇਹਨਾ ਵਿੱਚੋ ਕੋਈ ਵੀ ਲੱਛਣ ਦਿਖਾਈ ਦਿੰਦੇ ਹਨ, ਤਾਂ ਤੁਰੰਤ ਡਾਕਟਰੀ ਸਲਾਹ ਲਓ। ਡਾਕਟਰ ਨੂੰ ਦੱਸੋ ਕਿ ਤੁਸੀ ਹਾਲ ਹੀ ਵਿੱਚ ਇਨਵੇਸਿਵ ਗਰੁੱਪ ਏ ਸਟ੍ਰੈਪਟੋਕੋਕਲ ਇਨਫੈਕਸ਼ਨ ਨਾਲ ਪੀੜਤ ਕਿਸੇ ਵਿਅਕਤੀ ਦੇ ਸੰਪਰਕ ਵਿੱਚ ਰਹੇ ਹੋ।

## ਤੁਸੀ GAS ਨੂੰ ਕਿਵੇ ਫੜਦੇ ਹੋ?

GAS ਬੈਕਟੀਰੀਆ ਸੰਕਰਮਿਤ ਲੋਕਾ ਦੇ ਨੱਕ ਅਤੇ ਗਲੇ ਵਿੱਚ ਪੈਦਾ ਹੁੰਦੇ ਹਨ ਅਤੇ ਛਿੱਕਣ, ਚੁੰਮਣ ਅਤੇ ਛੂਹਣ ਦੌਰਾਨ ਲੋਕਾ ਵਿੱਚ ਫੈਲਦੇ ਹਨ। ਬੈਕਟੀਰੀਆ ਜਿਆਦਾਤਰ ਸਰੀਰ ਵਿੱਚ ਦਾਖਲ ਹੋਕੇ ਅਤੇ ਖਰਾਬ ਚਮੜੀ ਦੁਆਰਾ ਹਮਲਾਵਰ ਸੰਕਰਮਣ ਪੈਦਾ ਕਰਦਾ ਹੈ। ਇੱਕ ਵਿਅਕਤੀ ਜਾਂ ਤਾ ਆਪਣੀ ਚਮੜੀ ਦੇ ਜਖਮਾ ਤੇ ਜਾਂ ਕਿਸੇ ਇਨਫੈਕਸ਼ਨ ਵਾਲੇ ਵਿਅਕਤੀ ਦੇ ਸੰਪਰਕ ਤੋਂ ਸੰਕਰਮਿਤ ਹੋ ਸਕਦਾ ਹੈ।

ਕਿਸੇ ਰਿਸ਼ਤੇਦਾਰ ਜਾਂ ਘਰ ਦੇ ਮੈਂਬਰ ਤੋਂ iGAS ਦਾ ਸੰਪਰਕ ਹੋਣਾ ਬਹੁਤ ਘੱਟ ਹੁੰਦਾ ਹੈ।

ਕਦੇ-ਕਦਾਈਂ ਗੈਰ-ਪਾਸਚਰਾਈਜ਼ਡ ਦੁੱਧ ਜਾਂ ਦੁੱਧ ਤੇ ਬਣੇ ਉਤਪਾਦਾ ਦਾ ਸੇਵਨ ਕਰਨ ਦੇ ਨਤੀਜੇ ਵਜੋ GAS ਦੀ ਇਨਫੈਕਸ਼ਨ ਹੁੰਦੀ ਹੈ

## ਸਭ ਤੋਂ ਵੱਧ ਖ਼ਤਰਾ ਕਿਸ ਨੂੰ ਹੈ?

ਘੱਟ ਪ੍ਰਤੀਰੋਧਕ ਸ਼ਕਤੀ ਵਾਲੇ ਲੋਕਾਂ ਦੇ ਬਿਮਾਰ ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਸਭ ਤੋਂ ਵੱਧ ਜੋਖਮ ਵਿੱਚ ਸ਼ਾਮਲ ਹਨ:

- ਬਹੁਤ ਛੋਟੇ ਜਾਂ ਬਜ਼ੁਰਗ ਲੋਕ;

• ਦਿਲ ਦੀ ਬਿਮਾਰੀ, ਸ਼ੂਗਰ, ਐੱਚਆਈਵੀ ਦੀ ਇਨਫੈਕਸ਼ਨ ਜਾਂ ਕੈਂਸਰ ਵਰਗੀਆਂ ਲੰਬੀਆ ਬਿਮਾਰੀਆ ਵਾਲੇ ਲੋਕ;
• ਜਿਨ੍ਹਾਂ ਨੂੰ ਹਾਲ ਹੀ ਵਿੱਚ ਚਿਕਨ ਪੌਕਸ ਦੀ ਇਨਫੈਕਸ਼ਨ ਹੋਈ ਹੈ;
• ਉਹ ਜੋ ਹਾਈ ਡੋਜ਼ ਸਟੀਰੌਇਡ ਥੈਰੇਪੀ ਤੋਂ ਗੁਜ਼ਰ ਰਹੇ ਹਨ;
• ਨਸ਼ੀਲੇ ਪਦਾਰਥਾਂ ਦਾ ਟੀਕਾ ਲਗਾਉਣ ਵਾਲੇ

## GAS ਦੀ ਪਛਾਣ ਕਿਵੇ ਕੀਤੀ ਜਾਂਦੀ ਹੈ?

ਸੰਭਵ ਲੱਛਣਾਂ ਦੀ ਵਿਸ਼ਾਲ ਸ਼੍ਰੇਣੀ ਡਾਕਟਰਾਂ ਲਈ GAS ਦੀ ਇਨਫੈਕਸ਼ਨ ਦਾ ਛੇਤੀ ਪਛਾਣ ਕਰਨਾ ਮੁਸ਼ਕਲ ਬਣਾਉਂਦੀ ਹੈ। ਜੇ ਤੁਹਾਨੂੰ GAS ਦੀ ਇਨਫੈਕਸ਼ਨ ਹੋਣ ਦਾ ਸ਼ੱਕ ਹੈ, ਤਾਂ ਤੁਹਾਡੇ ਖੂਨ ਦੇ ਨਮੂਨੇ ਜਾਂ ਨੱਕ ਜਾਂ ਗਲੇ ਦੇ ਸਵੈਬ ਲਏ ਜਾ ਸਕਦੇ ਹਨ ਅਤੇ ਟੈਸਟ ਕੀਤੇ ਜਾ ਸਕਦੇ ਹਨ।

ਜੇਕਰ ਤੁਹਾਨੂੰ GAS ਦੀ ਇਨਫੈਕਸ਼ਨ ਦਾ ਪਤਾ ਲੱਗਿਆ ਹੈ, ਤਾਂ ਕਈ ਵਾਰ ਇਹ ਦੇਖਣ ਲਈ ਤੁਹਾਡੇ ਰਿਸ਼ਤੇਦਾਰਾਂ ਜਾਂ ਤੁਹਾਡੇ ਸੰਪਰਕ ਵਿੱਚ ਹੋਰ ਲੋਕਾਂ ਦੀ ਜਾਂਚ ਕਰਨਾ ਜ਼ਰੂਰੀ ਹੁੰਦਾ ਹੈ ਕਿ ਉਹਨਾ ਨੂੰ ਤੁਹਾਡੇ ਵਾਂਗ GAS ਦਾ ਉਹੀ ਸਟਰੇਨ ਹੋਇਆ ਹੈ । ਇਹ ਆਮ ਤੌਰ ਤੇ ਨੱਕ ਅਤੇ ਗਲੇ ਦੇ ਸਵੈਬ ਲੈ ਕੇ ਕੀਤਾ ਜਾਂਦਾ ਹੈ।

## GAS ਦਾ ਇਲਾਜ ਕੀ ਹੈ?

ਜ਼ਿਆਦਾਤਰ ਲੋਕ ਜਿਹਨਾ ਵਿੱਚ GAS ਪਾਇਆ ਜਾਂਦਾ ਹੈ ਕਦੇ ਵੀ ਇਸਦਾ ਇਲਾਜ ਨਹੀ ਕਰਵਾਉਂਦੇ। ਇਹ ਇਸ ਲਈ ਹੈ ਕਿਉਂਕਿ GAS ਬੈਕਟੀਰੀਆ ਬਿਨਾ ਕਿਸੇ ਸਮੱਸਿਆ ਦੇ ਸਾਡੀ ਚਮੜੀ ਜਾਂ ਸਾਡੇ ਮੂੰਹ ਵਿੱਚ ਕਾਫ਼ੀ ਖੁਸ਼ੀ ਨਾਲ ਰਹਿ ਸਕਦੇ ਹਨ ਬਿਨਾਂ ਕਿਸੇ ਸਮੱਸਿਆ ਦੇ।

GAS ਦੀ ਇਨਫੈਕਸ਼ਨ ਦਾ ਆਮ ਤੌਰ ਤੇ ਐਂਟੀਬਾਇਓਟਿਕ ਪੈਨਿਸਿਲਿਨ ਨਾਲ ਸਫਲਤਾਪੂਰਵਕ ਇਲਾਜ ਕੀਤਾ ਜਾਂਦਾ ਹੈ। ਜੇਕਰ ਤੁਹਾਨੂੰ ਪੈਨਿਸਿਲਿਨ ਤੇ ਐਲਰਜੀ ਹੈ, ਤਾਂ ਤੁਹਾਨੂੰ ਜਿੰਨੀ ਜਲਦੀ ਹੋ ਸਕੇ ਆਪਣੇ ਜੀਪੀ ਜਾਂ ਡਾਕਟਰਾਂ ਨੂੰ ਸੂਚਿਤ ਕਰਨਾ ਚਾਹੀਦਾ ਹੈ ਤਾਂ ਜੋ ਇੱਕ ਸੁਰੱਖਿਅਤ ਵਿਕਲਪਕ ਐਂਟੀਬਾਇਓਟਿਕ ਤਜਵੀਜ਼ ਕੀਤੀ ਜਾ ਸਕੇ। ਦੱਸੇ ਅਨੁਸਾਰ ਐਂਟੀਬਾਇਓਟਿਕਸ ਦਾ ਪੂਰਾ ਕੋਰਸ ਕਰਨਾ ਬਹੁਤ ਜ਼ਰੂਰੀ ਹੈ।

GAS ਦੀ ਇਨਫੈਕਸ਼ਨ ਵਾਲੇ ਕਿਸੇ ਵਿਅਕਤੀ ਦੇ ਨਜ਼ਦੀਕੀ ਸੰਪਰਕਾਂ ਨੂੰ ਵੀ ਐਂਟੀਬਾਇਓਟਿਕਸ ਦਿੱਤੇ ਜਾਣਗੇ ਜੇਕਰ ਉਹਨਾ ਵਿੱਚ ਲੱਛਣ ਹਨ ਜੋ ਇਹ ਸੰਕੇਤ ਕਰਦੇ ਹਨ ਕਿ ਉਹ ਵੀ ਸੰਕਰਮਿਤ ਹਨ। ਜੇਕਰ ਮਾਂ ਜਾਂ ਬੱਚੇ ਨੂੰ ਨਿਓਨੇਟਲ ਸਮੇਂ (ਜੀਵਨ ਦੇ ਪਹਿਲੇ 28 ਦਿਨ) ਵਿੱਚ iGAS ਵਿਕਸਿਤ ਹੁੰਦਾ ਹੈ, ਤਾਂ ਦੋਵਾਂ ਨੂੰ ਐਂਟੀਬਾਇਓਟਿਕਸ ਦਿੱਤੇ ਜਾਣਗੇ।

ਪ੍ਰਕੋਪ ਵਿੱਚ ਨਿਯੰਤਰਣ ਦੇ ਜਤਨ ਵਜੋ ਐਂਟੀਬਾਇਓਟਿਕਸ ਵੀ ਦਿੱਤੇ ਜਾ ਸਕਦੇ ਹਨ। ਇਹ ਇਨਫੈਕਸ਼ਨ ਨੂੰ ਫੈਲਣ ਤੇ ਰੋਕਣ ਲਈ ਹੈ

## ਇਲਾਜ ਦੇ ਕੀ ਫਾਇਦੇ ਹਨ?

ਸਫਲ ਇਲਾਜ ਦਾ ਆਮ ਤੌਰ ਤੇ ਇਹ ਮਤਲਬ ਹੁੰਦਾ ਹੈ ਕਿ ਇੱਕ ਸੰਕਰਮਿਤ ਵਿਅਕਤੀ ਬਿਨਾ ਕਿਸੇ ਵੱਡੀ ਪੇਚੀਦਗੀ ਦੇ ਠੀਕ ਹੋ ਜਾਂਦਾ ਹੈ।

## ਕੀ ਇਲਾਜ ਲਈ ਕੋਈ ਖਤਰੇ ਹਨ?

ਐਂਟੀਬਾਇਓਟਿਕਸ ਦੇ ਆਮ ਮਾੜੇ ਪ੍ਰਭਾਵਾ ਵਿੱਚ ਮਤਲੀ, ਉਲਟੀਆਂ ਅਤੇ ਦਸਤ ਸ਼ਾਮਲ ਹਨ। ਜੇਕਰ ਤੁਸੀ ਇਹਨਾ ਵਿੱਚੋ ਕਿਸੇ ਵੀ ਮਾੜੇ ਪ੍ਰਭਾਵਾਂ ਤੋਂ ਪੀੜਤ ਹੋ ਤਾਂ ਐਂਟੀਬਾਇਓਟਿਕਸ ਲੈਣਾ ਬੰਦ ਨਾ ਕਰੋ ਪਰ ਜਿੰਨੀ ਜਲਦੀ ਹੋ ਸਕੇ ਆਪਣੇ ਜੀਪੀ ਜਾਂ ਡਾਕਟਰ ਨੂੰ ਦੇਖੋ ਕਿਉਂਕਿ ਉਹ ਤੁਹਾਡੇ ਇਲਾਜ ਨੂੰ ਬਦਲ ਸਕਦੇ ਹਨ ਜਾਂ ਤੁਹਾਨੂੰ ਮਤਲੀ ਨਾਲ ਸਿੱਝਣ ਲਈ ਕੁਝ ਦੇ ਸਕਦੇ ਹਨ।

## ਇਲਾਜ ਨਾ ਕਰਵਾਉਣ ਦੇ ਕੀ ਖਤਰੇ ਹਨ?

ਜੇਕਰ ਤੁਸੀ ਆਪਣੀ ਐਂਟੀਬਾਇਓਟਿਕਸ ਨਹੀ ਲੈਂਦੇ ਹੋ ਜਾਂ ਦਿੱਤੇ ਗਏ ਪੂਰੇ ਕੋਰਸ ਨੂੰ ਪੂਰਾ ਨਹੀ ਕਰਦੇ ਹੋ, ਤਾਂ ਤੁਹਾਡੀ ਇਨਫੈਕਸ਼ਨ ਵਿਗੜ ਸਕਦੀ ਹੈ ਅਤੇ ਗੰਭੀਰ ਮਾਮਲਿਆਂ ਵਿੱਚ ਘਾਤਕ ਹੋ ਸਕਦੀ ਹੈ।

## ਕੀ ਕੋਈ ਵਿਕਲਪ ਹਨ?

ਜੇ ਇਨਫੈਕਸ਼ਨ ਗੰਭੀਰ ਹੈ, ਤਾਂ ਟੀਕੇ ਦੁਆਰਾ ਐਂਟੀਬਾਇਓਟਿਕਸ ਦਿੱਤੇ ਜਾ ਸਕਦੇ ਹਨ। ਨੈਕਰੋਟਾਈਜ਼ਿੰਗ ਫੈਸ਼ੀਆਈਟਸ ਦੇ ਮਾਮਲਿਆਂ ਵਿੱਚ, ਪ੍ਰਭਾਵਿਤ ਟਿਸ਼ੂ ਨੂੰ ਸਰਜਰੀ ਨਾਲ ਹਟਾਉਣ ਦੀ ਲੋੜ ਹੁੰਦੀ ਹੈ।

## ਮੈਂ ਕਿੰਨੇ ਸਮੇ ਲਈ ਛੂਤਕਾਰੀ ਹਾਂ?

ਜੇ ਇਲਾਜ ਨਾ ਕੀਤਾ ਜਾਵੇ, ਤਾਂ GAS ਸੰਕਰਮਣ ਵਾਲੇ ਲੋਕ ਆਮ ਤੌਰ ਤੇ ਗਲ਼ੇ ਦੇ ਦਰਦ ਤੇ ਬਾਅਦ 2-3 ਹਫ਼ਤਿਆ ਲਈ ਛੂਤ ਵਾਲੇ ਹੁੰਦੇ ਹਨ। ਜੇ ਐਂਟੀਬਾਇਓਟਿਕਸ ਨਾਲ ਇਲਾਜ ਕੀਤਾ ਜਾਂਦਾ ਹੈ, ਤਾਂ GAS ਸੰਕਰਮਣ ਵਾਲੇ ਲੋਕਾ ਦਾ ਇਲਾਜ ਸ਼ੁਰੂ ਹੋਣ ਤੋਂ 24 ਘੰਟਿਆਂ ਬਾਅਦ ਛੂਤਕਾਰੀ ਹੋਣਾ ਬੰਦ ਹੋ ਜਾਂਦਾ ਹੈ।

## ਕੀ ਮੈਨੂੰ ਕੰਮ/ਸਕੂਲ ਤੋਂ ਦੂਰ ਰਹਿਣਾ ਚਾਹੀਦਾ ਹੈ?

GAS ਦੀ ਇਨਫੈਕਸ਼ਨ ਛੂਤ ਵਾਲੀ ਹੁੰਦੀ ਹੈ। ਤੁਹਾਨੂੰ ਇਲਾਜ ਸ਼ੁਰੂ ਕਰਨ ਤੇ 24 ਘੰਟੇ ਤੱਕ ਅਤੇ ਜਦੋ ਤੱਕ ਤੁਸੀ ਵਾਪਸ ਜਾਣ ਲਈ ਠੀਕ ਨਹੀ ਹੋ ਜਾਂਦੇ, ਤੁਹਾਨੂੰ ਕੰਮ ਤੋਂ ਦੂਰ ਰਹਿ ਕੇ ਦੂਜੇ ਲੋਕਾਂ ਦੇ ਸੰਪਰਕ ਵਿੱਚ ਆਉਣ ਤੇ ਬਚਣਾ ਚਾਹੀਦਾ ਹੈ। ਜਿਨ੍ਹਾਂ ਬੱਚਿਆਂ ਨੂੰ GAS ਦੀ ਇਨਫੈਕਸ਼ਨ ਹੈ, ਇਸ ਸਮੇ ਦੌਰਾਨ ਸਕੂਲ ਜਾਂ ਡੇ ਕੇਅਰ ਵਿੱਚ ਨਹੀ ਜਾਣਾ ਚਾਹੀਦਾ।